CAREERINDIA

**SET – 4**

**Series : GBM/1**

Code No. **4/1**

Roll No. | | | | | | | |

Candidates must write the Code on the title page of the answer-book.

- Please check that this question paper contains **4** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **16** questions.
- **Please write down the Serial Number of the question before attempting it.**
- 15 Minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਪੰਜਾਬੀ

# PUNJABI

*ਸਮਾਂ ਸੀਮਾਂ : 3 ਘੰਟੇ* — *ਪੂਰਨ ਅੰਕ : 100*

*Time allowed : 3 hours* — *Maximum marks : 100*

1. ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹ ਕੇ ਉਸ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : **2 × 5 = 10**

ਸਦਾਚਾਰ ਮਨੁੱਖ ਦੇ ਸਚਿਆਰਾ ਬਣਨ ਦਾ ਮਾਰਗ ਹੈ । ਸਦਾਚਾਰੀ ਕਿਵੇਂ ਬਣਿਆ ਜਾਵੇ-ਇਹ ਪ੍ਰਸ਼ਨ ਮਨੁੱਖ ਨੂੰ ਸਾਰੀ ਉਮਰ ਸੋਚਣ ਲਈ ਮਜਬੂਰ ਕਰਦਾ ਰਹਿੰਦਾ ਹੈ । ਸਦਾਚਾਰ ਸੰਬੰਧੀ ਹਰ ਇਕ ਮਨੁੱਖ ਦਾ ਆਪਣਾ ਨਜ਼ਰੀਆ ਹੈ, ਇਸ ਕਰਕੇ ਬਹੁਤ ਸਾਰੇ ਵਿਦਵਾਨ ਇਸ ਸੰਬੰਧੀ ਆਪਣੇ ਵਿਚਾਰ ਪੇਸ਼ ਕਰਦੇ ਰਹਿੰਦੇ ਹਨ । ਭਾਰਤ ਵਿਚ ਸਦਾਚਾਰ ਦਾ ਮੁੱਢ ਧਰਮ ਵਿਚੋਂ ਵੇਖਿਆ ਜਾਂਦਾ ਹੈ ਅਤੇ ਹਰ ਇਕ ਧਰਮ ਗ੍ਰੰਥ ਵਿਚੋਂ ਸਦਾਚਾਰ ਸੰਬੰਧੀ ਪੇਸ਼ ਹੋਏ ਵਿਚਾਰਾਂ ਨੂੰ ਆਧਾਰ ਮੰਨ ਲਿਆ ਜਾਂਦਾ ਹੈ । ਹਰ ਧਰਮ ਦੇ ਸ਼ਰਧਾਲੂ ਨੂੰ ਉਸ ਦੇ ਪੈਗੰਬਰਾਂ ਦੁਆਰਾ ਦਰਸਾਏ ਵਿਚਾਰ ਸ੍ਰੇਸ਼ਟ ਲਗਦੇ ਹਨ । ਸ਼ਰਧਾਲੂ ਨੂੰ ਕਈ ਵਾਰ ਇਹ ਲਗਣ ਲਗ ਪੈਂਦਾ ਹੈ ਕਿ ਉਸਦੇ ਧਰਮ ਵਿੱਚ ਦਰਸਾਇਆ ਸਦਾਚਾਰਕ ਜੀਵਨ ਦਾ ਰਾਹ ਦੂਸਰਿਆਂ ਨਾਲੋਂ ਵਧੇਰੇ ਸਹੀ ਹੈ । ਉਹ ਚਾਹੁੰਦੇ ਹਨ ਕਿ ਬਾਕੀ ਦੇ ਲੋਕ ਵੀ ਉਸੇ ਰਾਹ ਨੂੰ ਅਪਨਾਉਣ ਅਤੇ ਇਥੋਂ ਹੀ ਝਗੜੇ ਸ਼ੁਰੂ ਹੋ ਜਾਂਦੇ ਹਨ ।

(i) ਸਦਾਚਾਰ ਦੇ ਅਰਥ ਕੀ ਹਨ ?

(ii) ਭਾਰਤ ਵਿਚ ਸਦਾਚਾਰ ਨੂੰ ਕਿਸ ਦ੍ਰਿਸ਼ਟੀਕੋਣ ਤੋਂ ਵੇਖਿਆ ਜਾਂਦਾ ਹੈ ?

(iii) ਹਰ ਧਰਮ ਦੇ ਸ਼ਰਧਾਲੂਆਂ ਨੂੰ ਸਦਾਚਾਰ ਦੇ ਕਿਹੜੇ ਵਿਚਾਰ ਸਹੀ ਲਗਦੇ ਹਨ ?

(iv) ਹਰ ਧਰਮ ਦੇ ਸ਼ਰਧਾਲੂ ਕਿਉਂ ਚਾਹੁੰਦੇ ਹਨ ਕਿ ਬਾਕੀ ਵੀ ਉਨ੍ਹਾਂ ਦੇ ਧਰਮ ਦੇ ਵਿਚਾਰਾ ਨੂੰ ਸਹੀ ਮੰਨਣ ?

(v) ਝਗੜੇ ਕਿਵੇਂ ਸ਼ੁਰੂ ਹੁੰਦੇ ਹਨ ?

2. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇੱਕ** ਉਪਰ **200** ਸ਼ਬਦਾਂ ਦਾ ਲੇਖ ਲਿਖੋ : **10**

(i) ਔਰਤ ਦੀ ਸੁਰਖਿਆ ਦਾ ਮਸਲਾ (ii) ਸੋਚ ਦੀ ਆਜ਼ਾਦੀ

(iii) ਭਾਰਤ-ਪਾਕ ਸੰਬੰਧ (iv) ਦੇਸ਼ ਦੀ ਵਰਤਮਾਨ ਸਥਿਤੀ

www.careerindia.com

CAREERINDIA

3. ਈ-ਮੇਲ ਰਾਹੀਂ ਤੁਸੀ ਆਨਲਾਈਨ ਖ਼ਰੀਦੀ ਵਸਤ ਦੇ ਖ਼ਰਾਬ ਹੋਣ ਦੀ **100** ਸ਼ਬਦਾਂ ਵਿੱਚ ਸ਼ਿਕਾਇਤ ਲਿਖੋ । **7**

**ਜਾਂ**

ਆਪਣਾ ਮਕਾਨ ਵੇਚਣ ਲਈ ਅਖ਼ਬਾਰ ਲਈ **100** ਸ਼ਬਦਾਂ ਵਿੱਚ ਇੱਕ ਇਸ਼ਤਿਹਾਰ ਤਿਆਰ ਕਰੋ ।

4. ਚੋਣਾ ਵਿਚ ਧਨ ਦੀ ਅੰਨ੍ਹੀ ਵਰਤੋਂ ਬਾਰੇ ਅਖ਼ਬਾਰ ਦੇ ਸੰਪਾਦਕ ਨੂੰ ਇੱਕ ਚਿੱਠੀ ਲਿਖੋ । **8**

**ਜਾਂ**

ਦਲਿਤ ਵਰਗ ਦਾ ਉਥਾਨ ਕਿਵੇਂ ਹੋਵੇ-ਇਸ ਬਾਰੇ ਅਖ਼ਬਾਰ ਦੇ ਸੰਪਾਦਕ ਨੂੰ ਚਿੱਠੀ ਲਿਖੋ ।

5. ਹੇਠ ਲਿਖੇ ਮੁਹਾਵਰਿਆਂ ਵਿਚੋਂ **ਤਿੰਨ** ਦੇ ਅਰਥ ਸਪਸ਼ੱਟ ਕਰਦੇ ਹੋਏ ਵਾਕ ਬਣਾਓ : **3**

(i) ਰਾਹ ਤੇ ਆਉਣਾ (ii) ਲੀਕ ਪੈਣੀ

(iii) ਮੱਸ ਫੁੱਟਣੀ (iv) ਰੰਗ ਲਗਣਾ

(v) ਧੱਕਾ ਕਰਨਾ

6. (1) ਹੇਠ ਲਿਖਿਆਂ ਵਿਚੋਂ ਸ਼ੁੱਧ ਸ਼ਬਦ-ਜੋੜ ਚੁਣੋਂ : **2**

(i) (ੳ) ਚੌੜਾਈ (ਅ) ਚੁੜਾਈ

(ii) (ੳ) ਝਾੜੂ (ਅ) ਜਾੜੂ

(2) ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ : **2**

(i) ਪਹਲਾ (ii) ਭੱਝਣਾ

(3) ਸ਼ਬਦ ਜੋੜਾਂ ਦੇ ਨੇਮਾਂ ਨੂੰ ਧਿਆਨ ਵਿੱਚ ਰਖਦੇ ਹੋਏ ਦੱਸੋ ਕਿ ਹੇਠ ਲਿਖੇ ਵਾਕਾਂ ਵਿਚਲੇ ਲਕੀਰੇ ਸ਼ਬਦਾਂ ਵਿੱਚੋਂ ਕਿਹੜਾ ਸ਼ਬਦ ਵਰਤਿਆ ਜਾਵੇਗਾ : **2**

(i) ਕਿਸੇ ਵੀ ਮੁਲਕ ਨਾਲ ਜੰਗ/ਜੰਘ ਟਾਲਣ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ ।

(ii) ਜਗਜੀਤ ਬੜਾ ਝਗੜਾਲੂ/ਜਗੜਾਲੂ ਹੈ ।

7. ਹੇਠ ਲਿਖੀ ਵਾਰਤਾ ਵਿੱਚ ਵਿਸਰਾਮ ਚਿੰਨ੍ਹ ਲਗਾਓ : **3**

ਸ਼ਰੁਤੀ ਵਿਚ ਸਿਰਫ ਚਾਰ ਵੇਦ ਸ਼ਾਮਲ ਹਨ ਰਿਗ ਵੇਦ ਸਾਮ ਵੇਦ ਯਜੁਰ ਵੇਦ ਅਤੇ ਅਥਰਵ ਵੇਦ

8. ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ : **3**

(i) ਨਹੀਂ ਸਾਂ ਗਿਆ ਮੈਂ ਉਥੇ

(ii) ਰਾਮ ਦੇ ਨਾਲ ਸ਼ਾਮ ਅਤੇ ਰਮੇਸ਼ ਵੀ ਖੇਡ ਰਿਹਾ ਸੀ

(iii) ਸੀਤਾ ਨੇ ਗਵਾ ਦਿੱਤਾ ਆਪਣਾ ਸੋਨੇ ਦਾ ਹਾਰ

9. ਹੇਠ ਦਿੱਤੀਆ ਕਾਵਿ-ਟੁਕੜੀਆਂ ਵਿਚੋਂ ਕਿਸੇ **ਇੱਕ** ਦੇ ਅੰਤ ਵਿਚ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ : **8**

ਖਾੜ ਖਾੜ ਚਲਣ ਵਿਚ ਮੇਰੇ ਸੁਫਨਿਆਂ,
ਪੰਜਾਬ ਦੇ ਦਰਿਆ,
ਪਿਆਰ ਅੱਗ ਇਨ੍ਹਾਂ ਨੂੰ ਲੱਗੀ ਹੋਈ,
ਪਿਆਰਾ ਜਪੁ ਸਾਹਿਬ ਗਾਉਂਦੇ, ਠੰਢੇ 'ਤੇ ਠਾਰਦੇ, ਪਿਆਰਦੇ ।



www.careerindia.com

CAREERINDIA

(i) ਇਹ ਸਤਰਾਂ ਕਿਸ ਕਵੀ ਦੀ ਕਿਸ ਕਵਿਤਾ ਵਿੱਚੋਂ ਲਈਆਂ ਗਈਆਂ ਹਨ ?

(ii) 'ਜਪੁ ਸਾਹਿਬ' ਕਿਸ ਗੁਰੂ ਦੀ ਬਾਣੀ ਹੈ ?

(iii) ਇਥੇ ਕਿਸ ਪ੍ਰਕਾਰ ਦਾ ਵਾਤਾਵਰਣ ਸਿਰਜਿਆ ਗਿਆ ਹੈ ?

(iv) 'ਪਿਆਰ ਅੱਗ ਇਨ੍ਹਾਂ ਨੂੰ ਲੱਗੀ ਹੋਈ' ਤੋਂ ਕੀ ਭਾਵ ਹੈ ?

**ਜਾਂ**

ਲਹਿਣਾ ਨਹੀ, ਦੇਣਾ ਨਹੀ, ਨਿਰੀ ਪੁਰੀ ਸੇਵਾ ਹੈ ਸਮਾਜ ਦੀ
ਝੀਥਾਂ 'ਚੋਂ, ਵਿੱਥਾਂ 'ਚੋਂ, ਝਾਗ ਝਾਗ ਘੰਟੇ, ਲਭਦੇ ਗਿਆਨ
ਇਹ ਰਾਖੇ ਵਿਚਾਰੇ ।

(i) ਇਹ ਸਤਰਾਂ ਕਿਸ ਕਵੀ ਦੀ ਕਿਸ ਕਵਿਤਾ ਵਿੱਚੋਂ ਹਨ ?

(ii) ਇਥੇ 'ਰਾਖੇ' ਸ਼ਬਦ ਕਿਨ੍ਹਾਂ ਲਈ ਵਰਤਿਆ ਗਿਆ ਹੈ ?

(iii) 'ਰਾਖੇ' ਕਿਸ ਗਿਆਨ ਨੂੰ ਲਭਦੇ ਹਨ ?

(iv) 'ਝੀਥਾਂ' ਅਤੇ 'ਵਿੱਥਾਂ' ਦੇ ਕੀ ਅਰਥ ਹਨ ?

10. ਕਿਸੇ **ਇੱਕ** ਕਾਵਿ ਟੁਕੜੀ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : **7**

ਓਦਰ ਕੇ ਮੈਂ ਆਪਣਿਆਂ ਦਾ
ਜਾ ਬੂਹਾ ਖੜਕਾਇਆ
ਕੰਧਾਂ ਦੇ ਗਲ ਲਗ ਕੇ ਬਹਿ ਗਏ
ਟੁੱਕੀਆਂ ਜੀਭਾਂ ਵਾਲੇ ।

**ਜਾਂ**

ਕੁਛ ਨਾ ਕਹਿ ਖ਼ਾਮੋਸ਼ ਰਹਿ ਓ ਸ਼ਾਇਰਾ
ਸਭ ਨੂੰ ਤੇਰੇ ਕਹਿਣ 'ਤੇ ਇਤਰਾਜ਼ ਹੈ
ਸੁਣ ਤੇਰੀ ਆਵਾਜ਼ ਉਹ ਆ ਜਾਣਗੇ
ਹੱਥ ਜਿਨ੍ਹਾਂ ਦੇ ਸੀਨੇ-ਵਿਨ੍ਹਵਾਂ ਸਾਜ਼ ਹੈ

11. ਹੇਠ ਲਿਖੇ ਵਾਰਤਾਲਾਪ-ਅੰਸ਼ਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਕਿਸੇ **ਇੱਕ** ਦੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : **1 × 3 = 3**

"ਤੈਨੂੰ ਠੱਗਿਆ ਸੀ ! ਫੇਰ ਤੂੰ ਉਦੋਂ ਕਿਉਂ ਨਹੀਂ ਦੱਸਿਆ ?"
"ਮੈਨੂੰ ਕੀ ਪਤਾ ਸੀ ਕਿ ਤੇਰੇ ਡੈਡੀ ਵਿੱਚ ਸੀਗੇ ।"

(i) ਇਹ ਵਾਰਤਾਲਾਪ ਕਿਹੜੇ ਪਾਤਰਾਂ ਵਿਚ ਚੱਲ ਰਿਹਾ ਹੈ ?

(ii) ਕਿਸ ਨੂੰ ਕਿਸ ਨੇ ਠੱਗਿਆ ਸੀ ?

(iii) ਇਹ ਵਾਰਤਾਲਾਪ ਕਿਸ ਪੁਸਤਕ ਵਿੱਚੋਂ ਹੈ ਅਤੇ ਉਸਦਾ ਲੇਖਕ ਕੌਣ ਹੈ ?

**ਜਾਂ**

"ਰੁੱਖ ਉੱਤੇ ਉਹ ਬਹੁਤਾ ਚਿਰ ਨਾ ਬੈਠ ਸਕਿਆ ।
ਬਸਤਾ ਲੈ ਕੇ ਹੇਠਾਂ ਉੱਤਰਿਆ ਤੇ ਬਹਾਨਾ ਸੋਚ ਕੇ ਘਰ ਵਲ ਚੱਲ ਪਿਆ ।"

(i) ਉਹ ਰੁੱਖ ਉੱਤੇ ਚੜ੍ਹਿਆ ਕਿਉਂ ਸੀ ?

(ii) ਉਹ ਬਹਾਨਾ ਕਿਉਂ ਸੋਚ ਰਿਹਾ ਸੀ ?

(iii) ਇਹ ਵਾਰਤਾਲਾਪ ਕਿਸ ਪਾਤਰ ਨਾਲ ਸੰਬੰਧਿਤ ਹੈ ?



www.careerindia.com

CAREERINDIA

12. ਨਾਵਲ 'ਗੁਆਚਿਆ ਮੁੰਡਾ' ਵਿੱਚ ਸੋਨ-ਕਾਟੋ ਦਾ ਸੱਚ ਕੀ ਹੈ ? **7**

**ਜਾਂ**

'ਗੁਆਚਿਆ ਮੁੰਡਾ' ਨੂੰ ਕਿਸ਼ੋਰ-ਨਾਵਲ ਕਿਉਂ ਕਿਹਾ ਗਿਆ ਹੈ ? ਇਸ ਬਾਰੇ ਆਪਣੇ ਵਿਚਾਰ ਦੱਸੋ ।

13. ਕਿਸੇ **ਇੱਕ** ਪ੍ਰਸੰਗ ਦੇ ਆਧਾਰ ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ : **5**

"ਜਿੰਦਣ ਦਾ ਜੀਤਾ ਪਲਟਣ ਵਿਚ ਭਰਤੀ ਕਰਵਾਇਆ ਸੀ, ਬਚਨੋਂ ਅਕਸਰ ਆਪਣਾ ਦਿਲ ਹੋਲਾ ਕਰਨ ਲਈ ਆਨੀ ਬਹਾਨੀ ਇੱਕਲੀ ਬੈਠ, ਹੰਝੂ ਕੇਰਦੀ ਰਹਿੰਦੀ । ਜੀਤੇ ਦੇ ਬਾਪੂ ਨੇ ਤਾਂ ਪਹਿਲਾਂ ਹੀ ਬਚਨੋਂ ਨੂੰ ਕਹਿ ਦਿੱਤਾ ਸੀ ਕਿ ਜਾਂ ਤੇਰਾ ਇਹ ਨਲੈਕ ਪੁਤ ਘਰ ਵਿੱਚ ਜਾਂ ਮੈਂ ।"

(i) 'ਪਲਟਣ' ਕੀ ਹੁੰਦੀ ਹੈ ?

(ii) ਬਚਨੋਂ ਦੁਖੀ ਕਿਉਂ ਵਿਖਾਈ ਦੇਂਦੀ ਹੈ ?

(iii) 'ਦਿੱਲ ਹੋਲਾ ਕਰਨ' ਦਾ ਕੀ ਅਰਥ ਹੈ ?

(iv) ਜੀਤੇ ਦਾ ਬਾਪੂ ਜੀਤੇ ਤੋਂ ਦੁਖੀ ਕਿਉਂ ਹੈਂ ?

(v) ਇਹ ਕਹਾਣੀ ਕਿਸ ਦੀ ਲਿਖੀ ਹੋਈ ਹੈ ?

**ਜਾਂ**

"ਆਖਰੀ ਸਾਹ ਗਿਣ ਰਹੇ ਕਿਸੇ ਜ਼ਖ਼ਮੀ ਸਿਪਾਹੀ ਦੀ ਗੋਲੀ ਬਰਫ ਦੀ ਚਦਰ ਪਾੜਕੇ ਉਹਦੇ ਆਰ-ਪਾਰ ਹੋ ਗਈ । ਉਹ ਉੱਥੇ ਹੀ ਡਿਗ ਪਿਆ । ਉਹਨੇ ਉੱਠਣ ਦਾ ਯਤਨ ਕੀਤਾ ਤੇ ਮੁੜ ਢੇਰੀ ਹੋ ਗਿਆ ।"

(i) 'ਸਾਹ ਗਿਣਨਾ' ਦੇ ਕੀ ਅਰਥ ਹਨ ?

(ii) ਇਸ ਪ੍ਰਸੰਗ ਵਿੱਚ ਕਿਸ ਪ੍ਰਕਾਰ ਦਾ ਮਾਹੌਲ ਹੈ ?

(iii) 'ਢੇਰੀ ਹੋ ਗਿਆ' ਤੋਂ ਕੀ ਭਾਵ ਹੈ ?

(iv) ਇਹ ਪ੍ਰਸੰਗ ਕਿਸ ਕਹਾਣੀ ਵਿਚੋਂ ਲਿਆ ਗਿਆ ਹੈ ?

(v) ਇਸ ਕਹਾਣੀ ਦਾ ਲੇਖਕ ਕੌਣ ਹੈ ?

14. 'ਉਨ੍ਹਾਂ ਵੇਲਿਆਂ ਦੀ ਗੱਲ' ਕਹਾਣੀ ਵਿਚ ਰਾਜ ਕੌਰ ਦਾ ਸਹੁਰਾ ਰਾਜਨੀਤੀ ਬਾਰੇ ਕਿਹੋ ਜਿਹੇ ਵਿਚਾਰ ਰਖਦਾ ਹੈ ? **5**

**ਜਾਂ**

'ਮਿੱਸ ਸੌਫਟ' ਕਹਾਣੀ ਦੀ ਨਾਇਕਾ ਦਾ ਕਿਰਦਾਰ ਕਿਹੋ ਜਿਹਾ ਹੈ ?

15. ਸੂਫ਼ੀ ਕਾਵਿ ਦੀ ਉੱਤਪਤੀ ਬਾਰੇ ਆਪਣੇ ਵਿਚਾਰ **150-200** ਸ਼ਬਦਾਂ ਵਿੱਚ ਲਿਖੋ । **10**

**ਜਾਂ**

ਆਧੁਨਿਕ ਪੰਜਾਬੀ ਕਵਿਤਾ ਦੇ ਵਿਕਾਸ ਦੀ ਕਹਾਣੀ **150-200** ਸ਼ਬਦਾਂ ਵਿੱਚ ਲਿਖੋ ।

16. ਕਦਰਾਂ ਕੀਮਤਾਂ ਤੇ ਆਧਾਰਿਤ : **5**

"ਅੱਜ ਤਾਂ ਸੀਤਾ ਦੀਆਂ ਆਹੂਤੀਆਂ ਦਿੱਤੀਆਂ ਜਾਂਦੀਆਂ ਹਨ । ਬਾਲਣ ਦੀ ਥਾਂ ਤੰਦੂਰ ਵਿਚ ਸਾੜੀ ਜਾਂਦੀ ਏ" – ਇਨ੍ਹਾਂ ਸਤਰਾਂ ਵਿਚ ਅੱਜ ਔਰਤ ਉੱਪਰ ਹੋ ਰਹੇ ਅੱਤਿਆਚਾਰ ਵਲ ਸੰਕੇਤ ਹੈ । ਕੀ ਤੁਸੀਂ ਵੀ ਇਸੇ ਤਰ੍ਹਾਂ ਸੋਚਦੇ ਹੋ ? ਇਸ ਬਾਰੇ ਆਪਣੇ ਵਿਚਾਰ **100-125** ਸ਼ਬਦਾਂ ਵਿਚ ਲਿਖੋ ।

---



www.careerindia.com